# ਲਾਇਬ੍ਰੇਰੀ ਦਾ ਮੈਂਬਰ ਬਣਨਾ

ਲਾਇਬ੍ਰੇਰੀਆਂ ਦੋਸਤਾਨਾ ਅਤੇ ਸੁਖਾਵੇਂ ਸਥਾਨ ਹਨ ਅਤੇ ਤੁਸੀਂ ਉਨ੍ਹਾਂ ਦੀ ਮੁਫ਼ਤ ਵਰਤੋਂ ਕਰ ਸਕਦੇ ਹੋ। ਕੋਈ ਵੀ ਵਿਅਕਤੀ ਲਾਇਬ੍ਰੇਰੀ ਵਿੱਚ ਕਿਤਾਬਾਂ ਵੇਖ ਸਕਦਾ ਹੈ ਜਾਂ ਉਥੇ ਬੈਠਕੇ ਪੜ੍ਹ ਸਕਦਾ ਹੈ, ਜਾਂ ਵਡੀ ਉਮਰ ਦੇ ਬੱਚਿਆਂ ਲਈ ਲਾਇਬ੍ਰੇਰੀ ਦੇ ਪ੍ਰੋਗਰਾਮਾਂ ਵਿੱਚ ਆਪਣੇ ਬੱਚਿਆਂ ਨੂੰ ਲਿਆ ਸਕਦਾ ਹੈ, ਜਾਂ ਸੂਚਨਾ ਦੀ ਮੰਗ ਕਰ ਸਕਦਾ ਹੈ, ਜਾਂ ਲਾਇਬ੍ਰੇਰੀ ਕੰਪਿਊਟਰਾਂ ਦੀ ਵਰਤੋਂ ਕਰ ਸਕਦਾ ਹੈ – ਇਨ੍ਹਾਂ ਸਭ ਲਈ ਤੁਹਾਡਾ ਲਾਇਬ੍ਰੇਰੀ ਦਾ ਮੈਂਬਰ ਹੋਣਾ ਵੀ ਜ਼ਰੂਰੀ ਨਹੀਂ।

ਪਰ ਕਿਉਂ ਨਾਂਹ ਮੈਂਬਰ ਹੀ ਬਣ ਜਾਉ? ਇਸ 'ਤੇ ਕੋਈ ਖ਼ਰਚਾ ਵੀ ਨਹੀਂ ਆਏਗਾ, ਸਗੋਂ ਤੁਸੀਂ ਲਾਇਬ੍ਰੇਰੀ ਤੋਂ ਕਿਤਾਬਾਂ ਲੈ ਸਕਦੇ ਹੋ, ਸੀਡੀ, ਵੀਡੀਓ, ਡੀਵੀਡੀ ਅਤੇ ਆਡਿਓ ਟੇਪਾਂ ਵੀ ਕਿਰਾਏ 'ਤੇ ਲੈ ਸਕਦੇ ਹੋ। ਤੁਹਾਨੂੰ ਬਸ ਆਪਣੇ ਨਾਂਅ ਅਤੇ ਡੈਵਨ ਵਿੱਚ ਆਪਣੇ ਪਤੇ ਦਾ ਸਬੂਤ ਵਿਖਾਉਣਾ ਹੋਵੇਗਾ (ਜਿਵੇਂ ਕਿ ਬੈਂਕ ਸਟੇਟਮੈਂਟ, ਜਾਂ ਕਿਰਾਏਦਾਰੀ ਦਾ ਇਕਰਾਰਨਾਮਾ, ਜਾਂ ਬਿਜਲੀ, ਗੈਸ ਜਾਂ ਟੈਲੀਫ਼ੋਨ ਆਦਿਕ ਦਾ ਬਿਲ ਜਾਂ ਆਪਣਾ ਮੈਡੀਕਲ ਕਾਰਡ)। ਜੇ ਤੁਸੀਂ ਡੈਵਨ ਵਿੱਚ ਸਿਰਫ਼ ਥੋੜ੍ਹਾ ਚਿਰ ਠਹਿਰਨਾ ਹੈ, ਤਾਂ ਸਾਨੂੰ ਹੋਰ ਚੀਜ਼ਾਂ ਤੋਂ ਇਲਾਵਾ (ਜਿਵੇਂ ਕਿ ਡ੍ਰਾਈਵਿੰਗ ਲਾਇਸੈਂਸ, ਸ਼ਨਾਖ਼ਤੀ ਕਾਰਡ ਜਾਂ ਪਾਸਪੋਰਟ), ਤੁਹਾਡੇ ਘਰ ਦੇ ਪਤੇ ਦਾ ਸਬੂਤ ਵੀ ਚਾਹੀਦਾ ਹੋਵੇਗਾ। ਜੇ ਤੁਸੀਂ ਪੜ੍ਹ ਰਹੇ ਹੋ, ਤਾਂ ਤੁਹਾਡਾ ਸਕੂਲ ਜਾਂ ਕਾਲਜ, ਤੁਹਾਡੀ ਸਹਾਇਤਾ ਲਈ ਦੋਹਾਂ ਪਤਿਆਂ ਵਾਲਾ ਇਕ ਪੱਤਰ ਦੇ ਸਕਦਾ ਹੈ। ਤੁਸੀਂ ਆਪਣੇ ਬੱਚਿਆਂ ਨੂੰ ਮੈਂਬਰ ਬਣਵਾ ਸਕਦੇ ਹੋ, ਤਾਂ ਜੋ ਉਹ ਏਥੋਂ ਕਿਤਾਬਾਂ ਅਤੇ ਕਹਾਣੀਆਂ ਦੀਆਂ ਟੇਪਾਂ ਲੈ ਸਕਦੇ ਹਨ – ਏਥੋਂ ਤਕ ਕਿ ਨਿੱਕੇ ਬਾਲ ਵੀ ਲਾਇਬ੍ਰੇਰੀ ਦੇ ਮੈਂਬਰ ਬਣ ਸਕਦੇ ਹਨ!

ਤੁਹਾਨੂੰ ਇਕ ਲਾਇਬ੍ਰੇਰੀ ਟਿਕਟ ਦਿਤੀ ਜਾਏਗੀ, ਜੋ ਤੁਸੀਂ ਕਾਊਂਟਰ 'ਤੇ ਲੈ ਕੇ ਜਾਉ ਅਤੇ ਦਸੋ ਕਿ ਤੁਸੀਂ ਕੀ ਲੈਣਾ ਚਾਹੁੰਦੇ ਹੋ। ਕਿਤਾਬਾਂ ਤੁਸੀਂ ਮੁਫ਼ਤ ਲੈ ਸਕਦੇ ਹੋ ਅਤੇ ਸਾਧਾਰਨ ਤੌਰ 'ਤੇ ਤੁਸੀਂ ਉਨ੍ਹਾਂ ਨੂੰ 21 ਦਿਨ ਰਖ ਸਕਦੇ ਹੋ। ਸੀਡੀ, ਵੀਡੀਓ, ਡੀਵੀਡੀ ਅਤੇ ਆਡੀਓ ਟੇਪਾਂ ਕਿਰਾਏ 'ਤੇ ਲੈਣ 'ਤੇ ਸਪਤਾਹਕ ਫ਼ੀਸ ਲਗਦੀ ਹੈ। ਕਿਰਪਾ ਕਰਕੇ ਲਾਇਬ੍ਰੇਰੀ ਤੋਂ ਲਈਆਂ ਚੀਜ਼ਾਂ, ਲੇਬਲ 'ਤੇ ਲਿਖੀ ਅਖ਼ਰੀ ਤਾਰੀਖ਼ ਤਕ ਵਾਪਸ ਕਰ ਦਿਉ – ਇਹ ਚੀਜ਼ਾਂ ਕਾਊਂਟਰ 'ਤੇ ਲਾਇਬ੍ਰੇਰੀ ਸਟਾਫ਼ ਦੇ ਕਿਸੇ ਮੈਂਬਰ ਨੂੰ ਦੇ ਦਿਉ। ਜੇ ਤੁਸੀਂ ਇਹ ਚੀਜ਼ਾਂ ਨਿਸਚਤ ਤਾਰੀਖ਼ ਤੋਂ ਦੇਰ ਨਾਲ ਵਾਪਸ ਕਰੋਗੇ, ਤਾਂ ਤੁਹਾਨੂੰ ਥੋੜ੍ਹਾ ਚਾਰਜ ਅਦਾ ਕਰਨਾ ਪਏਗਾ। ਜੇ ਤੁਸੀਂ ਕਿਤਾਬਾਂ ਨੂੰ ਹੋਰ 21 ਦਿਨ ਰਖਣਾ ਚਾਹੋ, ਤਾਂ ਪੁਛੋ – ਜਵਾਬ ਆਮ ਕਰਕੇ ਹਾਂ ਵਿੱਚ ਹੋਏਗਾ।

ਪਹਿਲੀ ਵਾਰ, ਤੁਸੀਂ 4 ਕਿਤਾਬਾਂ ਲੈ ਸਕਦੇ ਹੋ, ਅਤੇ 2 ਸੀਡੀ ਜਾਂ ਆਡਿਓ ਟੇਪਾਂ ਅਤੇ 2 ਵੀਡੀਓ ਜਾਂ ਡੀਵੀਡੀ ਕਿਰਾਏ 'ਤੇ ਲੈ ਸਕਦੇ ਹੋ। ਇਸ ਤੋਂ ਬਾਅਦ ਤੁਸੀਂ ਕਿਤਾਬਾਂ ਅਤੇ ਇਹ ਚੀਜ਼ਾਂ ਦੁਗਣੀ ਗਿਣਤੀ ਵਿੱਚ ਲੈ ਸਕਦੇ ਹੋ। ਜੇ ਤੁਸੀਂ ਡੈਵਨ ਵਿੱਚ ਥੋੜ੍ਹੇ ਚਿਰ ਲਈ ਹੀ ਹੋ (ਮਿਸਾਲ ਵਜੋਂ ਛੁੱਟੀ ਮਨਾਉਣ ਲਈ), ਤੁਸੀਂ ਲਾਇਬ੍ਰੇਰੀ ਵਿੱਚ ਪਹਿਲੀ ਫੇਰੀ ਵੇਲੇ 2 ਕਿਤਾਬਾਂ ਲੈ ਸਕਦੇ ਹੋ ਅਤੇ ਉਸਤੋਂ ਬਾਅਦ 4 ਕਿਤਾਬਾਂ।

ਤੁਸੀਂ ਲਾਇਬ੍ਰੇਰੀ ਤੋਂ ਜੋ ਕੁਝ ਵੀ ਲੈਂਦੇ ਹੋ, ਉਸ ਲਈ ਤੁਸੀਂ ਜ਼ਿਮੇਵਾਰ ਹੋ, ਇਸਲਈ ਕਿਰਪਾ ਕਰਕੇ ਆਪਣਾ ਲਾਇਬ੍ਰੇਰੀ ਟਿਕਟ ਜਾਂ ਲਾਇਬ੍ਰੇਰੀ ਤੋਂ ਲਈਆਂ ਚੀਜ਼ਾਂ ਕਿਸੇ ਹੋਰ ਨੂੰ ਨਾਂਹ ਦਿਉ।

ਜੇ ਤੁਸੀਂ ਲਾਇਬ੍ਰੇਰੀ ਬਾਰੇ ਕੋਈ ਸਵਾਲ ਪੁਛਣੇ ਹੋਣ, ਜਾਂ ਤੁਹਾਡੀ ਕੋਈ ਅਸਮਰੱਥਾ ਹੋਵੇ ਅਤੇ ਤੁਸੀਂ ਜਾਣਨਾ ਚਾਹੋ ਕਿ ਅਸੀਂ ਕਿਵੇਂ ਤੁਹਾਡੀ ਮਦਦ ਕਰ ਸਕਦੇ ਹਾਂ, ਤਾਂ ਕਿਰਪਾ ਕਰਕੇ ਲਾਇਬ੍ਰੇਰੀ ਵਿੱਚ ਪੁਛੋ। ਜਾਂ ਤੁਸੀਂ ਸਾਨੂੰ ਇਸ ਪਤੇ 'ਤੇ ਈਮੇਲ ਭੇਜ ਸਕਦੇ ਹੋ devlibs@devon.gov.uk, ਜਾਂ ਆਪਣੀ ਸਥਾਨਕ ਲਾਇਬ੍ਰੇਰੀ ਨੂੰ ਫ਼ੋਨ ਕਰੋ (ਨੰਬਰ, ਟੈਲੀਫ਼ੋਨ ਬੁਕ ਵਿੱਚ ਦਿਤਾ ਗਿਆ ਹੈ ਅਤੇ ਸਾਡੀ ਵੈਬਸਾਈਟ 'ਤੇ ਵੀ ਉਪਲਬਧ ਹੈ: www.devon.gov.uk/library)।

ਇਸ ਸ਼ੀਟ ਦੇ ਦੂਜੇ ਪਾਸੇ, ਡੈਵਨ ਵਿੱਚ ਲਾਇਬ੍ਰੇਰੀ ਕੰਪਿਊਟਰਾਂ ਦੀ ਵਰਤੋਂ ਬਾਰੇ ਕੁਝ ਸੂਚਨਾ ਦਿਤੀ ਗਈ ਹੈ।

*ਕਿਰਪਾ ਕਰਕੇ ਇਸ ਸ਼ੀਟ ਦਾ ਦੂਜਾ ਪਾਸਾ ਪਹਿਲਾਂ ਪੜ੍ਹੋ।*

## ਲਾਇਬ੍ਰੇਰੀ ਕੰਪਿਊਟਰਾਂ ਦੀ ਵਰਤੋਂ

ਤੁਸੀਂ ਲਾਇਬ੍ਰੇਰੀ ਕੰਪਿਊਟਰਾਂ ਦੀ ਵਰਤੋਂ ਇੰਟਰਨੈਟੱ, ਵੈਬ-ਆਧਾਰਤ ਈਮੇਲ, ਵਰਡ ਪ੍ਰੋਸੈਸਿੰਗ, ਸਪ੍ਰੈਡਸ਼ੀਟਾਂ, ਆਨਲਾਈਨ ਜਾਣਕਾਰੀ ਪ੍ਰਾਪਤ ਕਰਨ ਅਤੇ ਹੋਰ ਮਨੋਰਥਾਂ ਲਈ ਕਰ ਸਕਦੇ ਹੋ।

ਲਾਇਬ੍ਰੇਰੀ ਵਿੱਚ ਕੰਪਿਊਟਰ ਦੀ ਵਰਤੋਂ ਵਾਸਤੇ ਤੁਹਾਡੇ ਕੋਲ ਲਾਇਬ੍ਰੇਰੀ ਟਿਕਟ ਹੋਣੀ ਚਾਹੀਦੀ ਹੈ। ਜੇ ਤੁਸੀਂ ਮੈਂਬਰ ਨਹੀਂ ਬਣਨਾ ਚਾਹੁੰਦੇ ਤਾਂ ਇਕ ਅਜਿਹੀ ਟਿਕਟ ਹੈ, ਜਿਸ ਨਾਲ ਤੁਸੀਂ ਕੰਪਿਊਟਰਾਂ ਦੀ ਵਰਤੋਂ ਕਰ ਸਕਦੇ ਹੋ ਪਰ ਹੋਰ ਕੁਝ ਨਹੀਂ ਲੈ ਸਕਦੇ। ਕਿਰਪਾ ਕਰਕੇ ਕਾਊਂਟਰ 'ਤੇ ਸਟਾਫ਼ ਕੋਲੋਂ ਪਤਾ ਕਰੋ।

ਇਕ ਵਾਰ ਟਿਕਟ ਲੈ ਲੈਣ ਦੇਂ ਬਾਅਦ, ਕੁਝ ਲਾਇਬ੍ਰੇਰੀਆਂ ਵਿੱਚ ਤੁਸੀਂ ਇਕ ਅਜਿਹੇ ਕੰਪਿਊਟਰ 'ਤੇ ਜਾ ਸਕਦੇ ਹੋ, ਜਿਸ 'ਤੇ ''ਸੈਲਫ਼ਸਰਵਿਸ'' ਦਾ ਲੇਬਲ ਲਗਿਆ ਹੋਵੇ, ਆਪਣੀ ਟਿਕਟ ਦਾ ਨੰਬਰ ਟਾਈਪ ਕਰੋ ਅਤੇ ਕੰਪਿਊਟਰ ਵਰਤਣਾ ਸ਼ੁਰੂ ਕਰ ਦਿਉ। ਕੁਝ ਹੋਰ ਲਾਇਬ੍ਰੇਰੀਆਂ ਵਿੱਚ ਤੁਹਾਨੂੰ ਕਾਊਂਟਰ 'ਤੇ ਸਟਾਫ਼ ਨੂੰ ਤੁਹਾਡੇ ਲਈ ਕੰਪਿਊਟਰ ਬੁਕ ਕਰਨ ਵਾਸਤੇ ਕਹਿਣਾ ਪਏਗਾ।

ਸ਼ੁਰੂ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਤੁਸੀਂ ਕਲਿਕ ਕਰਕੇ ਇਹ ਦਸੋ ਕਿ ਤੁਹਾਨੂੰ ਸਾਡੀ ਪਾਲਿਸੀ ਮਨਜ਼ੂਰ ਹੈ। ਖ਼ਾਸ ਕਰਕੇ ਤੁਹਾਨੂੰ ਕਾਨੂੰਨ ਦੇ ਘੇਰੇ ਵਿੱਚ ਰਹਿਣਾ ਹੋਏਗਾ ਅਤੇ ਕੋਈ ਗ਼ੈਰ ਕਾਨੂੰਨੀ ਜਾਂ ਅਸ਼ਲੀਲ ਵੈਬਸਾਈਟਾਂ ਵੇਖਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇੰਟਰਨੈਟੱ ਅਤੇ ਈਮੇਲ ਦੀ ਵਰਤੋਂ ਰਿਕਾਰਡ ਕੀਤੀ ਜਾਂਦੀ ਹੈ ਅਤੇ ਇਸ 'ਤੇ ਨਿਗਰਾਨੀ ਰਖੀ ਜਾਂਦੀ ਹੈ ਅਤੇ ਜੇ ਸਾਨੂੰ ਕਿਸੇ ਵਲੋਂ ਕੰਪਿਊਟਰ ਦੀ ਕੁਵਰਤੋਂ ਕੀਤੇ ਜਾਣ ਦਾ ਸ਼ਕ ਪਏ ਤਾਂ ਅਸੀਂ ਚੈਕ ਕਰ ਸਕਦੇ ਹਾਂ।

ਜਦੋਂ ਤੁਸੀਂ ਆਪਣਾ ਕੰਮ ਖ਼ਤਮ ਕਰ ਲਉ, ਤਾਂ ਕਿਰਪਾ ਕਰਕੇ ਸਕ੍ਰੀਨ ਦੇ ਖੱਬੇ ਪਾਸੇ ਧੁਰ ਉਪਰ ''ਐਂਡੱ ਸੈਸ਼ਨ'' 'ਤੇ ਕਲਿਕ ਕਰੋ।

ਹਰ ਵਿਅਕਤੀ ਦਿਨ ਵਿੱਚ ਇਕ ਵਾਰ 30 ਮਿੰਟ ਤਕ ਲਈ ਕੰਪਿਊਟਰ ਦੀ ਮੁਫ਼ਤ ਵਰਤੋਂ ਕਰ ਸਕਦਾ ਹੈ। ਜੇ ਤੁਸੀਂ ਉਸ ਦਿਨ ਵਿੱਚ ਹੀ ਜ਼ਿਆਦਾ ਸਮਾਂ ਕੰਪਿਊਟਰ ਵਰਤਣਾ ਚਾਹੁੰਦੇ ਹੋ, ਤਾਂ ਤੁਹਾਨੂੰ ਵਾਧੂ 30 ਮਿੰਟਾਂ ਲਈ 1.50 ਪਾਉਂਡ ਅਦਾ ਕਰਨੇ ਪੈਣਗੇ।

ਪ੍ਰਿੰਟਿੰਗ ਦਾ ਖ਼ਰਚਾ ਪ੍ਰਤਿ ਕਾਲਾ ਅਤੇ ਚਿੱਟਾ ਪੰਨਾ 12 ਪੈਂ ਅਤੇ ਪ੍ਰਤਿ ਰੰਗੀਨ ਪੰਨਾ 1 ਪਾਉਂਡ ਹੈ। ਸਾਰੀ ਪ੍ਰਿੰਟਿੰਗ, ਲਾਇਬ੍ਰੇਰੀ ਦੇ ਕਾਊਂਟਰ 'ਤੇ ਇਕ ਪ੍ਰਿੰਟਰ ਨੂੰ ਭੇਜੀ ਜਾਂਦੀ ਹੈ - ਕਿਰਪਾ ਕਰਕੇ ਆਪਣੇ ਪ੍ਰਿੰਟ ਆਪਣੇ ਸੈਸ਼ਨ ਦੇ ਅੰਤ 'ਤੇ ਕਾਊਂਟਰ 'ਤੇ ਸਟਾਫ਼ ਕੋਲੋਂ ਮੰਗੋ।

ਜੇ ਤੁਸੀਂ ਆਪਣਾ ਕੰਮ ਸੰਭਾਲ ਕੇ ਰਖਣਾ ਚਾਹੁੰਦੇ ਹੋ, ਤਾਂ ਇਸਨੂੰ ਇਕ ਫ਼ਲਾਪੀ ਡਿਸਕ 'ਤੇ ਸੇਵ ਕਰ ਲਉ। ਇਹ ਤੁਸੀਂ ਸਾਡੇ ਕੋਲੋਂ ਖ਼ਰੀਦ ਸਕਦੇ ਹੋ।

ਜੇ ਤੁਹਾਡੀ ਉਮਰ 16 ਸਾਲ ਤੋਂ ਘਟ ਹੈ ਤਾਂ ਤੁਸੀਂ ਈਮੇਲ ਦੀ ਵਰਤੋਂ ਨਹੀਂ ਕਰ ਸਕਦੇ ਅਤੇ ਤੁਸੀਂ ਸਿਰਫ਼ ਇੰਟਰਨੈਟੱ ਦੀ ਵਰਤੋਂ ਕਰ ਸਕਦੇ ਹੋ (ਕੁਝ ਖ਼ਾਸ ਚੁਣੀਆਂ ਹੋਈਆਂ ਵੈਬਸਾਈਟਾਂ ਨੂੰ ਛਡਕੇ), ਜੇਕਰ ਤੁਹਾਡੇ ਮਾਤਾ-ਪਿਤਾ ਜਾਂ ਸਰਪਰੱਸਤ, ਤੁਹਾਨੂੰ ਇਸਦੀ ਇਜਾਜ਼ਤ ਦੇਣ ਲਈ ਇਕ ਫ਼ਾਰਮ 'ਤੇ ਦਸਤਖ਼ਤ ਕਰਨ। ਜੇ ਤੁਸੀਂ ਕੋਈ ਈਮੇਲ ਭੇਜਣੀ ਹੈ, ਤਾਂ ਤੁਸੀਂ ਉਸ ਵਿਅਕਤੀ ਨੂੰ ਜਿਸ ਕੋਲ ਤੁਸੀਂ ਰਹਿ ਰਹੇ ਹੋ, ਜਾਂ ਆਪਣੇ ਟਿਊਟਰ ਨੂੰ ਪੁਛੋ, ਕਿ ਕੀ ਉਹ ਤੁਹਾਡੀ ਸਹਾਇਤਾ ਲਈ ਆਪਣੇ ਬਾਲਗ ਟਿਕਟ ਦੀ ਵਰਤੋਂ ਕਰੇਗਾ ਅਤੇ ਤੁਹਾਡੇ ਨਾਲ ਕੰਪਿਊਟਰ 'ਤੇ ਬੈਠੇਗਾ।

ਜੇ ਤੁਸੀਂ ਪਹਿਲਾਂ ਕਦੀ ਕੰਪਿਊਟਰ ਦੀ ਵਰਤੋਂ ਨਹੀਂ ਕੀਤੀ ਤਾਂ ਲਾਇਬ੍ਰੇਰੀ ਸਟਾਫ਼ ਸਿਖਾਂਦਰੂਆਂ ਲਈ ਟ੍ਰੇਨਿੰਗ ਕੋਰਸ ਦਾ ਪਤਾ ਲਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ - ਅਕਸਰ ਇਹ ਕੋਰਸ ਮੁਫ਼ਤ ਹੁੰਦਾ ਹੈ। ਜੇ ਤੁਹਾਨੂੰ ਕੰਪਿਊਟਰ ਵਰਤਣ ਦੀ ਜਾਚ ਤਾਂ ਹੈ, ਪਰ ਇੰਟਰਨੈਟੱ ਦੀ ਵਰਤੋਂ ਸਿਖਣਾ ਚਾਹੁੰਦੇ ਹੋ, ਤਾਂ ਤੁਸੀਂ ਲਾਇਬ੍ਰੇਰੀ ਵਿੱਚ ਇਕ ਆਨਲਾਈਨ ਕੋਰਸ ਕਰ ਸਕਦੇ ਹੋ।